# ਨਗਰ ਨਿਗਮ, ਮੋਗਾ ਵਿਖੇ ਬੇਲਦਾਰਾਂ ਦੀ ਰੈਗੂਲਰ ਭਰਤੀ ਲਈ ਸ਼ਰਤਾਂ ਦਾ ਵੇਰਵਾ

**ਨਗਰ ਨਿਗਮ ਮੋਗਾ ਦੇ ਜਨਰਲ ਹਾਊਸ ਮਤਾ ਨੰਬਰ 236 ਮਿਤੀ 28-03-2023 ਦੀ ਰੋਸ਼ਨੀ ਵਿੱਚ।**

## ੳ) ਉਮੀਦਵਾਰ ਦੀ ਉਮਰ ਸੀਮਾਂ (ਮਿਤੀ 01-01-2023) :

1) ਕਿਸੇ ਵੀ ਸ੍ਰੇਣੀ ਦੇ ਉਮੀਦਵਾਰ ਦੀ ਉਮਰ ਘੱਟੋ ਘੱਟ 18 ਸਾਲ ਹੋਣੀ ਚਾਹੀਦੀ ਹੈ।
2) ਜਨਰਲ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾਂ 37 ਸਾਲ ਹੋਵੇਗੀ ।
3) ਅਨੁਸੂਚਿਤ ਜਾਤੀ ਅਤੇ ਪਛੜੀ ਸ੍ਰੇਣੀ ਉਮੀਦਵਾਰਾਂ ਦੀ ਉਪਰਲੀ ਸੀਮਾਂ ਵਿਚ 05 ਸਾਲ ਦੀ ਛੋਟ ਦਿੰਦੇ ਹੋਏ ਇਹ ਉਮਰ ਸੀਮਾਂ 42 ਸਾਲ ਹੋਵੇਗੀ ।
4) ਰਾਜ ਅਤੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾਂ 45 ਸਾਲ ਹੋਵੇਗੀ ।
5) ਸਾਬਕਾ ਫੌਜੀਆਂ ਦੇ ਕੇਸ ਵਿਚ ਉਪਰਲੀ ਸੀਮਾ ਦੀ ਹੱਦ Punjab recruitment of ex-serviceman rules 1982 ਅਤੇ ਸਮੇ ਸਮੇ ਹੋਈਆਂ ਸੋਧਾਂ ਅਨੁਸਾਰ ਹੋਵੇਗੀ ।ਇਹ ਉਮਰ ਸੀਮਾਂ ਉਹਨਾਂ ਦੀ ਫੌਜ ਵਿਚ ਕੀਤੀ ਗਈ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿਚੋ ਘਟਾਉਣ ਤੋ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾਂ ਤੋਂ 03 ਸਾਲ ਤੋ ਵੱਧ ਨਹੀ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ।
6) ਅੰਗਹੀਣ ਸ੍ਰੇਣੀ ਦੇ ਉਮੀਦਵਾਰਾਂ ਲਈ ਉਪਰਲੀ ਸੀਮਾਂ ਵਿਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋ ਵੱਧ ਉਮਰ ਸੀਮਾਂ 47 ਸਾਲ ਹੋਵੇਗੀ ।
7) The upper age limit for window divorcees and certain other categories of married women as per instructions issued by the government of Punjab vide letter no. 1/50/83-5PP1368)/3454 Dated : 23.4.1984 will be relaxed upto 40 years.
8) ਪ੍ਰਮੁੱਖ ਸੱਕਤਰ ਪੰਜਾਬ ਸਰਕਾਰ ਦੇ ਹਸਤਾਖਰਾਂ ਹੇਠ ਜਾਰੀ ਸਰਕਾਰ ਦੇ ਨੋਟੀਫਿਕੇਸਨ ਮਿਤੀ 4 /11/2022 No. G.S.R.75/const./Art.309/Amd(7)2022 ਅਨੁਸਾਰ ਪੰਜਾਬ ਸਰਕਾਰ ਵੱਲੋ ਗਰੁਪ ਡੀ ਦੇ ਸਾਲ 1963 ਵਿਚ ਬਣਾਏ ਸਰਵਿਸ ਰੂਲਾਂ ਵਿਚ ਸੋਧ ਕੀਤੀ ਗਈ ਹੈ,ਜੋ ਇਸ ਤਰ੍ਹਾਂ ਹੈ :

   Provided that no person shall be appointed any post in any service by direct appointment unless he has passed a qualifying test of Punjabi language equivalent to middle standard with at least fifty percent marks to be conduct by the respective recruit agencies in addition to competitive examination .The test of Punjabi language shall be a mandatory qualifying test and failure to secure a minimum of fifty percent marks in Punjabi language will disqualify the candidate for being considered in the final merit list of candidates to be selected irrespective of the scores or marks in other papers of the respective exam.

**ਅ) ਰਾਖਵਾਂ ਕਰਨ ਨੀਤੀ ਅਨੁਸਾਰ ਬੈਕਲਾਗ** :-(ਬੇਲਦਾਰਾਂ ਦੀਆ ਕੁੱਲ 48 ਖਾਲੀ ਪਈਆਂ ਅਸਾਮੀਆਂ ਨੂੰ ਅਜੰਡਾ ਨੰਬਰ 03 ਵਿਚ ਦਰਸਾਏ ਟੇਬਲ ਵਿਚ ਨਿਰਧਾਰਤ ਰਾਖਵਾਂਕਰਨ ਦੀ ਨੀਤੀ ਅਨੁਸਾਰ ਭਰਤੀ ਕੀਤੀ ਜਾਵੇਗੀ :-

ਨਗਰ ਨਿਗਮ ਮੋਗਾ ਵਿਚ ਬੇਲਦਾਰਾਂ ਦੀ 50 ਪ੍ਰਵਾਨਤ ਪੋਸਟਾ ਹਨ ਅਤੇ ਇਸ ਵਿਚੋ ਦੋ ਪੋਸਟਾਂ ਭਰੀਆਂ ਹੋਈਆਂ ਹਨ।ਇਸ ਤਰ੍ਹਾਂ ਨਾਲ ਕੁੱਲ 48 ਬੇਲਦਾਰਾਂ ਦੀਆਂ ਪੋਸਟਾਂ ਲਈ ਭਰਤੀ ਦੀ ਪ੍ਰਕਿਰਿਆ ਕੀਤੀ ਜਾਣੀ ਹੈ ।ਇਸ ਤੋ ਇਲਾਵਾ ਡੀ.ਸੀ.ਐਫ.ਏ,ਨਗਰ ਨਿਗਮ ਮੋਗਾ ਅਤੇ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਮੋਗਾ ਵੱਲੋ ਦਸਿਆ ਗਿਆ ਕਿ ਪੰਜਾਬ ਸਰਕਾਰ ਸਮਾਜਿਕ ਨਿਆਂ ਤੇ ਘੱਟ ਗਿਣਤੀ ਵਿਭਾਗ ਜੀ ਦੇ ਪੱਤਰ ਨੰਬਰ 1/303025/2022 ਮਿਤੀ 7/1/2022 ਰਾਹੀਂ ਪ੍ਰਵਾਨ ਕੀਤੀ ਨਿਰੀਖਣ ਰਿਪੋਰਟ ਅਨੁਸਾਰ ਅਨੁਸੂਚਿਤ ਜਾਤੀ ਦਾ ਬੈਕਲਾਗ ਇਕ (01) ਹੈ।

ਬੇਲਦਾਰਾਂ ਦੀਆਂ ਕੁੱਲ ਅਸਾਮੀਆਂ ਅਤੇ ਖ਼ਾਲੀ ਪਈਆਂ ਅਸਾਮੀਆਂ ਵਿਰੁੱਧ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਕੈਟਾਗਰੀਆਂ ਦੀ ਰਾਖਵਾਂਕਰਨ ਨੀਤੀ ਅਨੁਸਾਰ ਭਰੀਆਂ ਜਾਣ ਵਾਲੀਆਂ ਪੋਸਟਾਂ ਵਿੱਚ ਬਣਦੀ ਪ੍ਰਤੀਨਿਧਤਾ ਬਾਰੇ ਜਾਣਕਾਰੀ (ਇਸਦੇ ਸਬੰਧ ਵਿੱਚ ਅਮਲਾ ਇੰਚਾਰਜ-ਕਮ-ਡੀ.ਸੀ.ਐਫ਼.ਏ., ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅੰਧਿਕਾਰਤਾ ਅਫ਼ਸਰ, ਮੋਗਾ, ਜ਼ਿਲ੍ਹਾ ਸੈਨਿਕ ਅਫ਼ਸਰ ਅਤੇ ਜ਼ਿਲ੍ਹਾ ਸਪੋਰਟਸ ਅਫਸਰ) ਇਸ ਸਬੰਧ ਵਿਚ ਅਮਲਾ ਇੰਚਾਰਜ-ਕਮ-ਡੀ.ਸੀ.ਐਫ਼.ਏ., ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ, ਮੋਗਾ, ਜ਼ਿਲ੍ਹਾ ਸੈਨਿਕ ਅਫ਼ਸਰ ਅਤੇ ਜ਼ਿਲ੍ਹਾ ਸਪੋਰਟਸ ਅਫਸਰ ਵੱਲੋਂ 48 ਖਾਲੀ ਪਈਆਂ ਪੋਸਟਾ ਨੂੰ ਭਰਨ ਵਾਸਤੇ ਸਾਂਝੇ ਤੌਰ ਤੇ ਸ੍ਰੇਣੀ ਵਾਈਜ ਟੇਬਲ ਤਿਆਰ ਕੀਤਾ ਗਿਆ ਜੋ ਕਿ ਹੇਠ ਲਿਖੇ ਅਨੁਸਾਰ ਹੈ :-

| ਵਿਭਾਗ | ਨਗਰ ਨਿਗਮ, ਮੋਗਾ | | ਅਸਾਮੀ ਦਾ ਨਾਮ ਗਰੁੱਪ ਅਸਾਮੀਆਂ ਗਿਣਤੀ | | ਬੇਲਦਾਰ<br>48 ਖਾਲੀ ਪੋਸਟਾਂ | | |
|---|---|---|---|---|---|---|---|
| Sr. No. | Category | | Total No.of Vacancies Mentioned Backlog if any | | Vacancies reserved for Woman | | |
| | | | Roster point | Total | Roster point | Total | Total |
| 1 | GENERAL | | 4,6,15,18,19,26, 27,32, 34,38,43,46 | 12 | 12,22,31,36, 47 | 5 | 17 |
| 2 | SC | M&B | 3(against SC Backlog), 9,17,29 | 4 | 37,49 | 2 | 06 |
| | | R&O | 5,33,45 | 3 | 13,25 | 2 | 05 |
| 3 | BC | | 16,24,48 | 3 | 8,42 | 2 | 05 |
| 4 | Ex. S. MAN | General | 14,44 | 2 | 7,28 | 2 | 04 |
| | | SC-M&B | 21 | 1 | - | | 01 |
| | | SC-R&O | - | | - | | -- |
| | | BC | 35 | 1 | - | | 01 |
| 5 | SPORTS | General | - | | 23 | 1 | 01 |
| | | SC- M&B | 41 | 1 | - | | 01 |
| | | SC- R&O | - | | - | | |
| 6 | PHY. HANDICAPPED / WOMAN | Ortho | 11,40 | 2 | - | | 02 |
| | | Visually Impaired | - | | - | | |
| | | Hearing Impaired | - | | - | | |
| | | I.D/M.D | - | | - | | |
| 7 | FREEDOM FIGHTER/ WOM | | - | | - | | |
| 8 | E.W.S (General) | | 20,30,50 | 3 | 10, 39 | 2 | 05 |
| | Total | | | 32 | | 16 | 48 |

## ੲ) ਉਮੀਦਵਾਰ ਦੀ ਵਿਦਿਅਕ ਯੋਗਤਾ :-

1) ਪੰਜਾਬ ਮਿਉਂਸਪਲ ਇੰਮਪਲਾਈਜ (ਕਲਾਸੰ-4) ਸਰਵਿਸ ਰੂਲ 1986 ਅਨੁਸਾਰ ਬੇਲਦਾਰਾਂ ਦੀ ਭਰਤੀ ਸਬੰਧੀ ਵਿਦਿਅਕ ਯੋਗਤਾ ਮਿਡਲ ਪਾਸ ਹੋਣਾ ਜਰੂਰੀ।

2) ਇਹ ਕਿ ਜੇਕਰ ਪ੍ਰਾਥੀ ਨੇ ਅਠਵੀ ਕਲਾਸ ਪੰਜਾਬੀ ਭਾਸ਼ਾ ਸਮੇਤ ਪਾਸ ਨਹੀ ਕੀਤੀ ਤਾਂ ਪ੍ਰਾਥੀ ਪੰਜਾਬੀ ਭਾਸ਼ਾ ਦਾ ਟੈਸਟ ਦੇਣ ਲਈ ਪਾਬੰਦ ਰਹੇਗਾ ਅਤੇ ਉਸ ਟੈਸਟ ਵਿਚ ਘੱਟੋ ਘੱਟ 50 ਪ੍ਰਤੀਸ਼ਤ ਨੰਬਰ ਲੈਣੇ ਲਾਜਮੀ ਹੋਣਗੇ ।

## ਸ) ਤਜਰਬੇ ਵਾਲੇ ਉਮੀਦਵਾਰਾ ਨੂੰ ਦਿੱਤੇ ਜਾਣ ਵਾਲੇ ਅੰਕਾਂ ਦਾ ਵੇਰਵਾ:

1) ਜੋ ਉਮੀਦਵਾਰ ਸਰਕਾਰੀ/ਅਰਧ ਸਰਕਾਰੀ ਅਦਾਰਿਆਂ ਵਿਚ ਬੇਲਦਾਰ ਦੇ ਕੰਮ ਦਾ ਤਜਰੱਬਾ ਰੱਖਦਾ ਹੋਵੇ ਤਾਂ ਉਸ ਉਮੀਦਵਾਰ ਨੂੰ ਹੇਠ ਲਿਖੇ ਅਨੁਸਾਰ ਅੰਕ ਦਿਤੇ ਜਾਣਗੇ : -

01 ਤੋ 03 ਸਾਲ ਤੱਕ ਦੇ ਤਜਰਬੇ ਵਾਲੇ ਉਮੀਦਵਾਰ ਨੂੰ 05 ਅੰਕ
03 ਤੋ 07 ਸਾਲ ਤੱਕ ਦੇ ਤਜਰਬੇ ਵਾਲੇ ਉਮੀਦਵਾਰ ਨੂੰ 10 ਅੰਕ
07 ਤੋ 10 ਸਾਲ ਤੱਕ ਦੇ ਤਜਰਬੇ ਵਾਲੇ ਉਮੀਦਵਾਰ ਨੂੰ 15 ਅੰਕ
10 ਤੋ ਵੱਧ ਸਾਲ ਤੱਕ ਦੇ ਤਜਰਬੇ ਵਾਲੇ ਉਮੀਦਵਾਰ ਨੂੰ 20 ਅੰਕ

2) ਇਸ਼ਤਿਹਾਰ ਦੀ ਮਿਤੀ ਤੱਕ ਜੋ ਉਮੀਦਵਾਰ ਬਤੌਰ ਬੇਲਦਾਰ ਪੰਜਾਬ ਦੀਆਂ ਨਗਰ ਨਿਗਮਾਂ ਵਿਚ ਕੰਮ ਕਰਦਾ ਹੋਵੇਗਾ/ਹੋਵੇਗੀ, ਉਸ ਉਮੀਦਵਾਰ ਨੂੰ 05 ਅੰਕ ਵੱਖਰੇ ਤੌਰ ਤੇ ਦਿਤੇ ਜਾਣਗੇ ।

## ਸ) ਭਰਤੀ ਸਬੰਧੀ ਹੋਰ ਸ਼ਰਤਾਂ

1) ਉਮੀਦਵਾਰ ਪਾਸ ਪੰਜਾਬ ਦਾ ਪੱਕਾ ਵਸਨੀਕ ਹੋਣ ਦਾ ਸਰਟੀਫਿਕੇਟ ਸਮਰਥ ਅਧਿਕਾਰੀ ਪਾਸੋ ਜਾਰੀ ਕੀਤਾ ਹੋਵੇ।

2) ਉਮੀਦਵਾਰ ਤੋ ਬੇਲਦਾਰ ਦਾ ਕੰਮ ਲਿਆ ਜਾਵੇਗਾ।

3) ਜੋ ਉਮੀਦਵਾਰ ਉਪਰ ਦਰਜ ਸ਼ਰਤਾਂ ਪੂਰੀਆਂ ਕਰਦੇ ਹੋਣਗੇ,ਉਹਨਾਂ ਉਮੀਦਵਾਰਾ ਨੂੰ ਯੋਗ ਮੰਨਿਆ ਜਾਵੇਗਾ।

4) ਉਕਤ ਨੰਬਰਾਂ ਅਨੁਸਾਰ ਸਾਂਝੀ ਮੈਰਿਟ ਲਿਸਟ,ਕੈਟਾਗਰੀ ਵਾਈਜ ਮੈਰਿਟ ਲਿਸਟ ਵਿਚ ਸਮਾਨ ਨੰਬਰਾਂ ਵਾਲੇ ਉਮੀਦਵਾਰਾਂ ਵਿਚੋ ਉਮਰ ਦੇ ਹਿਸਾਬ ਨਾਲ ਵੱਡੀ ਉਮਰ ਦੇ ਉਮੀਦਵਾਰ ਨੂੰ ਮੈਰਿਟ ਵਿਚ ਉਪਰ ਰੱਖਿਆ ਜਾਵੇਗਾ।

5) ਜੇਕਰ ਉਮੀਦਵਾਰਾਂ ਦੀ ਉਮਰ ਅਤੇ ਅੰਕਾਂ ਵਿਚ ਸਮਾਨਤਾ ਹੋਵੇਗੀ ਤਾਂ ਵੱਧ ਯੋਗਤਾ ਵਾਲੇ ਉਮੀਦਵਾਰ ਨੂੰ ਮੈਰਿਟ ਲਿਸਟ ਵਿਚ ਉਪਰ ਰੱਖਿਆ ਜਾਵੇਗਾ।

6) ਕਿਸੇ ਵੀ ਹੋਰ ਵਿਧੀ ਰਾਂਹੀ ਦਿੱਤੀ ਜਾਣ ਵਾਲੀ ਅਰਜੀ ਤੇ ਕੋਈ ਗੋਰ ਨਹੀ ਕੀਤਾ ਜਾਵੇਗਾ।

7) ਰਾਖਵਾਕਰਨ ਸ੍ਰੇਣੀ ਅਧੀਨ ਓਮੀਦਵਾਰ ਨੂੰ ਆਪਣਾ ਸ੍ਰੇਣੀ ਦਾ ਸਰਟੀਫਿਕੇਟ ਦਰਖਾਸਤ ਨਾਲ ਨੱਥੀ ਕਰਨਾ ਪਵੇਗਾ। ਸਰਟੀਫਿਕੇਟ ਦਰਖਾਸਤ ਨਾਲ ਨਾ ਨੱਥੀ ਹੋਣ ਦੀ ਸੂਰਤ ਵਿੱਚ ਅਰਜੀ ਨੂੰ ਅਯੋਗ ਸਮਝਿਆ ਜਾਵੇਗਾ।

8) ਅਰਜੀ ਨਾਲ ਪ੍ਰਾਪਤ ਦਸਤਾਵੇਜ ਨੂੰ ਅੰਤਿਮ ਸਮਝਿਆ ਜਾਵੇਗਾ। ਅਰਜੀ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ ਤੋ ਬਾਅਦ ਕੋਈ ਵੀ ਦਸਤਾਵੇਜ ਜਮ੍ਹਾ ਨਹੀ ਕਰਵਾਇਆ ਜਾਵੇਗਾ।

9) ਅਰਜੀ ਦੇਣ ਵਾਲੇ ਨੂੰ ਹਲਫੀਆਂ ਬਿਆਨ ਦੇਣਾ ਪਵੇਗਾ ਕਿ ਉਸ ਨੂੰ ਕਦੇ ਵੀ ਕਿਸੇ ਵੀ ਮਾਨਯੋਗ ਅਦਾਲਤ ਵੱਲੋ ਫੋਜਦਾਰੀ ਕੇਸਾਂ ਵਿੱਚ ਦੋਸ਼ੀ ਕਰਾਰ ਨਹੀ ਦਿੱਤਾ ਗਿਆ।

-ਸਹੀ-
(ਹਰਜੀਤ ਸਿੰਘ)
ਸਹਾਇਕ ਕਮਿਸ਼ਨਰ-ਕਮ-ਚੈਅਰਮੈਨ
-ਸਿਲੈਕਸ਼ਨ ਕਮੇਟੀ
ਨਗਰ ਨਿਗਮ, ਮੋਗਾ।

## ਨਗਰ ਨਿਗਮ, ਮੋਗਾ ਵਿਖੇ ਬੇਲਦਾਰਾਂ ਦੀ ਰੈਗੂਲਰ ਭਰਤੀ ਲਈ ਬਿਨੈ-ਪੱਤਰ

3X4
Photo

### ਉਮੀਦਵਾਰ ਦੇ ਵੇਰਵੇ

| | | | | | | |
|---|---|---|---|---|---|---|
| ਲੜੀ ਨੰ | ਉਮੀਦਵਾਰ ਦਾ ਨਾਮ | | | | | |
| 1 | ਪਿਤਾ/ਪਤੀ ਦਾ ਨਾਮ | | | | | |
| 02 | ਜਨਮ ਮਿਤੀ | ਸਬੂਤ ਨੱਥੀ ਹੈ | | | | |
| 03 | ਉਮਰ | ਸਬੂਤ ਨੱਥੀ ਹੈ | | | | |
| 04 | ਜਨਮ ਦਾ ਸਥਾਨ | | | | | |
| 05 | ਘਰ ਦਾ ਪੱਕਾ ਪਤਾ | | | | | |
| 06 | ਪੱਤਰ ਵਿਵਹਾਰ ਲਈ ਪਤਾ | ਸਬੂਤ ਨੱਥੀ ਹੈ | | | | |
| 0 | ਮੋਬਾਇਲ ਨੰਬਰ | | | | | |
| 07 | ਕੈਟਾਗਿਰੀ | ਸਬੂਤ ਨੱਥੀ ਹੈ | | | | |
| 08 | ਕੌਮੀਅਤ | | | | | |
| 09 | ਵਿਦਿਆਕ ਯੋਗਤਾ ਦਾ ਵੇਰਵਾ | ਸਬੂਤ ਨੱਥੀ ਹੈ | | | | |
| | ਪਾਸ ਪ੍ਰੀਖਿਆ ਦਾ ਵੇਰਵਾ | ਬੋਰਡ | ਪਾਸ ਅੰਕ | ਕੁੱਲ ਅੰਕ | ਪ੍ਰਾਪਤ ਅੰਕ | ਪ੍ਰਤੀਸ਼ਤ |
| ੳ | | | | | | |
| ਅ | | | | | | |
| 10 | ਕੀ ਉਮੀਦਵਾਰ ਪੰਜਾਬੀ ਪੜ/ਲਿਖ ਸਕਦਾ ਹੈ ਜਾਂ ਨਹੀ? | | | | | |
| 11 | ਕੀ ਉਮੀਦਵਾਰ ਕੋਲ ਤਜਰਬਾ ਹੈ ਜਾਂ ਨਹੀ ? | | | | | |
| 12 | ਤਜਰਬਾ ਸਰਟੀਫੀਕੇਟ ਕਿਸ ਸਰਕਾਰੀ ਅਧਿਕਾਰੀ ਨੇ ਜਾਰੀ ਕੀਤਾ ਹੈ । | | | | | |

ਮੈ........................ਪੁੱਤਰ/ਪੁੱਤਰੀ/ਪਤਨੀ ਸ੍ਰੀ............................ਉਮਰ............ ਸਵੈ ਘੋਸ਼ਨਾ ਕਰਦਾ/ਕਰਦੀ ਹਾਂ ਕਿ ਮੈ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀ ਚਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਦਿੱਤੀ ਗਈ ਸੂਚਨਾ ਸਹੀ ਅਤੇ ਨੱਥੀ ਦਸਤਾਵੇਜ ਬਿਲਕੁਲ ਸਹੀ ਹਨ ।ਇਸ ਵਿਚ ਕੁੱਝ ਵੀ ਲੁਕਾ ਕੇ ਨਹੀ ਰੱਖਿਆ ਗਿਆ। ਜੇਕਰ ਉਕਤ ਅਨੁਸਾਰ ਮੇਰੇ ਵੱਲੋ ਕੋਈ ਗਲਤ ਜਾਣਕਾਰੀ ਮੁਹੱਈਆਂ ਕਰਵਾਈ ਗਈ ਹੋਵੇ ਤਾਂ ਉਸ ਅਨੁਸਾਰ ਮੈਨੂੰ ਮਿਲਣ ਵਾਲੇ ਲਾਭ ਖਤਮ ਸਮਝੇ ਜਾਣ ਅਤੇ ਸਮਰੱਥਾ ਅਥਾਰਟੀ ਮੇਰੇ ਵਿਰੁੱਧ ਬਣਦੀ ਕਾਨੂੰਨੀ ਕਰਵਾਈ ਕਰ ਸਕਦੀ ਹੈ ।

ਨੱਥੀ ਸਬੂਤਾਂ ਦੀ ਗਿਣਤੀ

1
2
3

ਉਮੀਦਵਾਰ ਦੇ ਹਸਤਾਖਰ

ਮੋਬਾਇਲ ਨੰਬਰ .... ....

# ਸ਼ੋਧ ਪੱਤਰ

ਨਗਰ ਨਿਗਮ ਮੋਗਾ ਵੱਲੋ ਪੱਤਰ ਨੰਬਰ 500-501 ਮਿਤੀ 11-12-2023 ਰਾਹੀ ਬੇਲਦਾਰਾ ਦੀ ਭਰਤੀ ਸਬੰਧੀ ਦਿੱਤੀ ਗਈ ਭਰਤੀ ਸੂਚਨਾਂ ਰੋਜਾਨਾ ਸਪੋਕਸਮੈਨ ਵਿੱਚ ਮਿਤੀ 12-12-2023 ਪੰਨਾ ਨੰਬਰ 07 ਉਪਰ, ਰੋਜਾਨਾ ਦੈਨਿਕ ਭਾਸਕਰ ਵਿੱਚ ਮਿਤੀ 12-12-2023 ਨੂੰ ਪੰਨਾ ਨੰਬਰ 04 ਉਪਰ ਅਤੇ ਰੋਜਾਨਾ ਜਗਬਾਣੀ ਮਿਤੀ 12-12-2023 ਦੇ ਪੰਨਾ ਨੰਬਰ 06 ਉਪਰ ਮਤਾ ਨੰਬਰ 231 ਮਿਤੀ 28-03-2023 ਲਿਖ ਕੇ ਪ੍ਰਕਾਸ਼ਿਤ ਕਰਵਾਈ ਗਈ ਸੀ ਪਰ ਇਸ ਸ਼ੋਧ ਪੱਤਰ ਰਾਹੀ ਲਿਖਿਆ ਜਾਂਦਾ ਹੈ ਕਿ ਭਰਤੀ ਸੂਚਨਾਂ ਵਿੱਚ ਲਿਖਿਆ ਗਿਆ ਮਤਾ ਨੰਬਰ 231 ਨੂੰ 236 ਪੜਿਆ ਜਾਵੇ।

-ਸਹੀ-
(ਹਰਜੀਤ ਸਿੰਘ)
ਸਹਾਇਕ ਕਮਿਸ਼ਨਰ-ਕਮ-ਚੈਅਰਮੈਨ
-ਸਿਲੈਕਸ਼ਨ ਕਮੇਟੀ
ਨਗਰ ਨਿਗਮ, ਮੋਗਾ।